# ਮਿਲਟਨ - ਜਿੱਥੇ ਅਬਾਦੀ ਪਰੇਰਨਾ ਨਾਲ ਮਿਲਦੀ ਹੈ।

ਮਿਲਟਨ ਈਕਨੌਮਿਕ ਡਿਵੇਲੱਪਮੈਂਟ ਦੀ ਵੈਬਸਾਇਟ 'ਚ ਤੁਹਾਡਾ ਸੁਆਗਤ ਹੈ । ਇਹ ਸਾਇਟ Milton ਦੀ ਕਹਾਣੀ, ਇਕ ਵੱਡਾ ਸੰਭਾਵੀ ਅਤੇ ਮਾਲੀ ਅਵਸਰ , ਬਿਆਨ ਕਰਨ ਲਈ ਲੋੜੀਂਦੀ ਸਾਰੀ ਜਾਣਕਾਰੀ ਮੁਹੱਈਆ ਕਰਦੀ ਹੈ।

ਮਿਲਟਨ - ਜੇਕਰ ਕਨਾਡਾ ਨਹੀਂ - ਓਨਟਾਰੀਓ 'ਚ ਸਭ ਤੋਂ ਬੇਜੋੜ ਅਵਸਰਾਂ 'ਚੋਂ ਇਕ ਹੈ। ਮਿਲਟਨ ਦਾ ਹਾਲ 'ਚ ਹੋਇਆ ਵਿਕਾਸ ਅਤੇ ''ਕਨਾਡਾ 'ਚ ਸਭ ਤੋਂ ਤੇਜ਼ੀ ਨਾਲ ਵੱਧਣ ਵਾਲੇ ਸਮੁਦਾਯ'' ਦੇ ਤੌਰ 'ਤੇ ਵਿਸ਼ੇਸ਼ਤਾ ਮਸ਼ਹੂਰ ਹਨ; ਹਾਲਾਂਕਿ, ਮਿਲਟਨ ਕਨਾਡਾ 'ਚ ਸਭ ਤੋਂ ਜ਼ਿਆਦਾ ਸਿੱਖਿਅਤ , ਬਹੁਭਾਂਤੀ ਅਤੇ ਖਿੜਨ ਵਾਲੇ ਸਮੁਦਾਇਆਂ 'ਚੋਂ ਇਕ ਦੇ ਤੌਰ 'ਤੇ ਵਿਕਸਿਤ ਹੋਇਆ ਹੈ । ਜਨ ਅੰਕੜੇ ਸਬੰਧੀ ਪੰਜ ਪਰਮੁੱਖ ਸ਼ਰੇਣੀਆਂ 'ਚ ਪਹਿਲੇ 10 ਦਰਜਿਆਂ ਨਾਲ ਮਿਲਟਨ ਓਨਟਾਰੀਓ 'ਚ ਇਕਲੌਤਾ ਸਮੁਦਾਯ ਹੈ: ਵਿਕਾਸ ਦਰ, ਦਰਮਿਆਨੀ ਉਮਰ, ਮਜ਼ਦੂਰ ਬਲ ਦੀ ਦਰਮਿਆਨੀ ਉਮਰ, ਸਿੱਖਿਅਕ ਯੋਗਤਾ ਅਤੇ ਆਮਦਨੀ।

ਸੂਬੇ ਦੇ ਬਾਕੀ ਹਿੱਸੇ, ਅਤੇ ਪੂਰੇ ਦੇਸ਼ ਦੇ ਮੁਕਾਬਲੇ, ਮਿਲਟਨ 'ਚ ਲੋਕਾਂ ਦੀ ਉਮਰ ਸਬੰਧੀ ਅੰਕੜਾ ਘੱਟ ਰਿਹਾ ਹੈ ਅਤੇ 34.4 ਸਾਲ ਦੀ ਦਰਮਿਆਨੀ ਉਮਰ ਨਾਲ ਗ੍ਰੇਟਰ ਟੋਰੰਟੋ ਏਰੀਆ (GTA) 'ਚ ਇਹ ਦੂਜਾ ਸਭ ਤੋਂ ਜਵਾਨ ਸਮੁਦਾਯ ਹੈ। ਸਿੱਖਿਅਕ ਯੋਗਤਾ ਦੇ ਸਬੰਧ 'ਚ, ਫੌਰੀ ਤੌਰ 'ਤੇ ਓਨਟਾਰੀਓ 'ਚ ਸਭ ਤੋਂ ਖੁਸ਼ਹਾਲ ਸਮੁਦਾਇਆਂ, ਅਤੇ ਵਾਟਰਲੂ ਅਤੇ ਓਟਵਾ ਜਿਹੇ ਵਿਸ਼ਵਵਿਦਿਆਲਿਆਂ ਵਾਲੇ ਨਵੀਨਤਾਕਾਰੀ ਖੇਤਰਾਂ ਨਾਲ ਵੀ ਮਿਲਟਨ ਦੀ ਸਥਾਨਕ ਅਬਾਦੀ ਦੀ ਤੁਲਨਾ ਕੀਤੀ ਜਾ ਸਕਦੀ ਹੈ । ਮਿਲਟਨ ਦੀ ਅਬਾਦੀ ਵੀ ਬਹੁਤ ਜ਼ਿਆਦਾ ਬਹੁਭਾਂਤੀ ਹੁੰਦੀ ਜਾ ਰਹੀ ਹੈ । ਮਿਲਟਨ ਨੂੰ ਆਪਣਾ ਘਰ ਕਹਿਣ ਵਾਲੇ ਲੋਕ ਵੱਖੋ-ਵੱਖ ਸਭਿਆਚਾਰਾਂ, ਜਾਤੀਆਂ, ਅਤੇ ਧਾਰਮਕ ਵਿਚਾਰਾਂ ਤੋਂ ਆਉਂਦੇ ਹਨ।

ਸੰਖੇਪ 'ਚ, ਪਹਿਲਾਂ ਦੇ ਮੁਕਾਬਲੇ ਮਿਲਟਨ ਦੀ ਅਬਾਦੀ ਦੀ ਉਮਰ ਘੱਟ ਹੈ, ਉਹ ਜ਼ਿਆਦਾ ਸਿੱਖਿਅਤ, ਜ਼ਿਆਦਾ ਬਹੁਭਾਂਤੀ ਅਤੇ ਜ਼ਿਆਦਾ ਗਤੀਸ਼ੀਲ ਹੈ - ਉਹ ਲੋਕ ਜੋ ਨਵੀਂ ਰੀਤ ਅਤੇ ਵਿਕਾਸ ਨੂੰ ਵਧਾਉਂਦੇ ਹਨ।

ਬੇਹੱਦ ਕੁਸ਼ਲ ਅਤੇ ਸਿੱਖਿਅਤ ਕਾਮਗਾਰ ਨਵੀਨਤਾਕਾਰੀ ਕੰਪਨੀਆਂ ਅਤੇ ਪੇਸ਼ੇਵਰ ਤੌਰ 'ਤੇ ਮੌਕੇ ਅਤੇ ਬਾਹਰਲੀਆਂ ਕਿਰਿਆਵਾਂ ਅਤੇ ਕਲਾ ਅਤੇ ਸਭਿਆਚਾਰ ਸਮੇਤ ਬੇਹਤਰੀਨ ਜ਼ਿੰਦਗੀ ਲੱਭਦੇ ਹਨ । ਇਹ ਖਾਸ ਗਿਆਨ, ਕੁਸ਼ਲਤਾਵਾਂ ਅਤੇ ਵਿਵਸਾਇਕ ਸਮਝ ਵਾਲੇ ਲੋਕ ਹਨ। ਇਹ ਸਮੂਹ ਕਸਬੇ ਦੇ ਭਵਿੱਖੀ ਮਾਲੀ ਵਿਕਾਸ 'ਚ ਪਰਮੁੱਖ ਹੋਵੇਗਾ।

ਲਗਾਤਾਰ ਉਦਯੋਗਕ ਅਤੇ ਤਜਾਰਤੀ ਵਿਕਾਸ ਨਾਲ , ਬੇਹੱਦ ਕੁਸ਼ਲ , ਸਿੱਖਿਅਤ ਲੋਕਾਂ ਦਾ ਅੰਤਰ ਆਗਮ ਕਰਕੇ ਕਸਬੇ 'ਚ ਰਿਹਾਇਸ਼ੀ ਬਨਾਮ ਗੈਰ-ਰਿਹਾਇਸ਼ੀ ਮੁਲਾਂਕਣ ਦਾ ਸੰਤੁਲਤ ਅਨੁਪਾਤ ਸਥਾਪਤ ਹੋਇਆ ਹੈ । ਇਸ ਰੁਝਾਨ ਕਰਕੇ, ਇਸ ਖੇਤਰ 'ਚ ਰਿਹਾਇਸ਼ੀ ਅਤੇ ਵਿਵਸਾਇਕ ਸੰਪੱਤੀ ਲਈ ਕੁਝ ਸਭ ਤੋਂ ਘੱਟ ਕਰਾਂ ਨਾਲ, ਮਿਲਟਨ GTA 'ਚ ਆਗੂ ਬਣ ਗਿਆ ਹੈ।

ਬੇਹੱਦ ਕੁਸ਼ਲ ਅਤੇ ਬਹੁਭਾਂਤੀ ਅਬਾਦੀ ਦੇ ਇਹ ਪੱਕੇ ਮੂਲ ਸਿਧਾਂਤ ਅਤੇ ਪਰਮੁੱਖ ਵਿਵਸਾਇਕ ਖੇਤਰਾਂ ਦੀ ਉਪਲਬਧਤਾ, ਹੁਣ ਅਤੇ ਭਵਿੱਖ 'ਚ, ਮਿਲਟਨ ਦੀ ਸਥਿਤੀ ਮਜ਼ਬੂਤ ਬਣਾਉਂਦੇ ਹਨ।

ਮਿਲਟਨ ਈਕਨੋਮਿਕ ਡਿਵੇਲੱਪਮੈਂਟ ਤੁਹਾਡੀ ਸੇਵਾ ਲਈ ਉਪਲਬਧ ਹੈ , ਅਤੇ ਸਾਡੇ ਗਤੀਸ਼ੀਲ ਸਮੁਦਾਯ 'ਚ ਨਿਵੇਸ਼ ਕਰਨ ਬਾਰੇ ਤੁਹਾਡੀ ਹਰ ਪੁੱਛਗਿੱਛ ਦਾ ਸੁਆਗਤ ਕਰਦੀ ਹੈ।

MILTON
THIS WAY UP

ਜਿੱਥੇ ਅਬਾਦੀ ਪਰੇਰਨਾ ਨਾਲ ਮਿਲਦੀ ਹੈ।